# ਅਰਜ਼ੀਕਰਤਾ ਲਈ ਜਾਣਕਾਰੀ

ALTA CALIFORNIA
REGIONAL CENTER

## Alta California Regional Center

*ਇਹ ਕਰਨਾ*

Alta California Regional Center ਨਾਲ ਸੰਪਰਕ ਕਰਨ ਲਈ ਤੁਹਾਡਾ ਧੰਨਵਾਦ। ਸਾਡੀ ਸੰਸਥਾ ਤੋਂ ਸੇਵਾਵਾਂ ਲਈ ਤੁਸੀਂ ਇਸ ਕਰਕੇ ਅਪਲਾਈ ਕੀਤਾ ਹੋ ਸਕਦਾ ਹੈ ਕਿਉਂਕਿ ਤੁਸੀਂ, ਤੁਹਾਡੇ ਪੁੱਤਰ, ਧੀ, ਜਾਂ ਕਿਸੇ ਹੋਰ ਰਿਸ਼ਤੇਦਾਰ ਨੇ ਵਿਕਾਸ ਵਿਚ ਕੁਝ ਦੇਰੀਆਂ ਦਿਖਾਈਆਂ ਹਨ। ਜਾਂ ਸ਼ਾਇਦ ਤੁਸੀਂ ਜਾਂ ਤੁਹਾਡੇ ਬੱਚੇ ਦੇ ਡਾਕਟਰ ਜਾਂ ਸਕੂਲ ਨੇ ਤੁਹਾਨੂੰ ਇਹ ਸੁਝਾਅ ਦਿੱਤਾ ਹੋ ਸਕਦਾ ਹੈ ਕਿ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਭਾਵੇਂ ਤੁਸੀਂ ਸਾਨੂੰ ਕਿਸੇ ਤਰ੍ਹਾਂ ਵੀ ਲੱਭਿਆ ਹੋਵੇ, ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਜਾਣ ਕੇ ਸਾਨੂੰ ਖੁਸ਼ੀ ਹੋਈ ਹੈ।

ਅਸੀਂ ਇਹ ਕਿਤਾਬਚਾ ਤੁਹਾਨੂੰ ਇਹ ਦੱਸਣ ਲਈ ਤਿਆਰ ਕੀਤਾ ਹੈ ਕਿ ਅਰਜ਼ੀ ਦੇ ਕਾਰਜ ਦੌਰਾਨ ਤੁਸੀਂ ਕੀ ਉਮੀਦ ਰੱਖਣੀ ਹੈ – ਅਤੇ ਤੁਹਾਨੂੰ ਇਹ ਦੱਸਣ ਲਈ ਵੀ ਤਿਆਰ ਕੀਤਾ ਹੈ ਕਿ ਇਸ ਨੂੰ ਕਿੰਨਾ ਕੁ ਸਮਾਂ ਲੱਗ ਸਕਦਾ ਹੈ।

### ਇਨਟੇਕ

ਆਪਣੇ ਲਈ ਜਾਂ ਆਪਣੇ ਬੱਚੇ ਲਈ ਸਾਡੇ ਸੈਂਟਰ ਤੋਂ ਲਗਾਤਾਰ ਸੇਵਾਵਾਂ ਅਤੇ ਮਦਦਾਂ ਲੈਣ ਲਈ, ***ਵਿਕਾਸ ਨਾਲ ਸੰਬੰਧਿਤ ਅਪਾਹਜਤਾ*** (ਡਿਵੈਲਪਮੈਂਟਲ ਡਿਸਏਬਿਲਟੀ) ਦੀ ਪਛਾਣ ਹੋਣਾ ਜ਼ਰੂਰੀ ਹੈ – ਅਤੇ ਇਹ ਅਪਾਹਜਤਾ ਕਾਫੀ ਵੱਡੀ ਅਪਾਹਜਤਾ ਸਮਝੀ ਜਾਣੀ ਜ਼ਰੂਰੀ ਹੈ।

ਇਸ ਦਾ ਮਤਲਬ ਹੈ ਕਿ ਇਹ ਪਤਾ ਲਾਉਣ ਲਈ ਸਾਨੂੰ ਇਕ ਕਾਰਜ ਵਿਚ ਦੀ ਲੰਘਣ ਦੀ ਲੋੜ ਹੈ ਕਿ ਕੀ ਤੁਸੀਂ ਜਾਂ ਤੁਹਾਡਾ ਬੱਚਾ ਹੱਕਦਾਰੀ ਦੀਆਂ ਇਹ ਸ਼ਰਤਾਂ ਪੂਰੀਆਂ ਕਰਦਾ ਹੈ। ਇਸ ਕਾਰਜ ਨੂੰ ਅਸੀਂ ***"ਇਨਟੇਕ"*** ਕਹਿੰਦੇ ਹਾਂ। ਅਤੇ ਅਸੀਂ Alta California Regional Center ਦੇ ਉਸ ਵਿਅਕਤੀ ਨੂੰ ਤੁਹਾਡਾ ***"ਇਨਟੇਕ ਸਪੈਸ਼ਲਿਸਟ"*** ਕਹਿੰਦੇ ਹਾਂ ਜਿਹੜਾ ਇਸ ਕਾਰਜ ਦਾ ਤੁਹਾਡਾ ਨਾਲ ਤਾਲਮੇਲ ਕਰਦਾ ਹੈ।

ਤੁਹਾਡਾ ਇਨਟੇਕ ਸਪੈਸ਼ਲਿਸਟ ਖਿਆਲ ਰੱਖਣ ਵਾਲਾ ਇਕ ਪ੍ਰੋਫੈਸ਼ਨਲ ਹੈ ਅਤੇ ਇਨਟੇਕ ਦੇ ਕਾਰਜ ਦੌਰਾਨ ਰੀਜਨਲ ਸੈਂਟਰ ਨਾਲ ਇਹ ਤੁਹਾਡਾ ਮੁੱਖ ਸੰਪਰਕ ਹੈ।

## ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ

ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਤੁਹਾਡੇ ਜਾਂ ਤੁਹਾਡੇ ਬੱਚੇ ਲਈ ਸਾਡੀਆਂ ਸੇਵਾਵਾਂ ਦੇ ਯੋਗ ਹੋਣ ਲਈ, ***ਵਿਕਾਸ ਨਾਲ ਸੰਬੰਧਿਤ ਅਪਾਹਜਤਾ*** ਦੀ ਪਛਾਣ ਹੋਣਾ ਜ਼ਰੂਰੀ ਹੈ। ਇਸ ਸ਼ਬਦ ਤੋਂ ਕਿਉਂਕਿ ਸ਼ਾਇਦ ਸਾਰੇ ਜਾਣੂ ਨਾ ਹੋਣ ਇਸ ਲਈ ਅਸੀਂ ਇਸ ਦਾ ਸੰਖੇਪ ਵਿਚ ਵਰਣਨ ਕਰਾਂਗੇ।

ਵਿਕਾਸ ਨਾਲ ਸੰਬੰਧਿਤ ਅਪਾਹਜਤਾ ਵਿਚ ***ਬੌਧਿਕ ਅਪਾਹਜਤਾ, ਔਟਿਜ਼ਮ, ਸੈਰੇਬਰਲ ਪਾਲਸੀ, ਮਿਰਗੀ ਜਾਂ ਬੌਧਿਕ ਅਪਾਹਜਤਾ ਵਰਗੀਆਂ ਕੁਝ ਹੋਰ ਹਾਲਤਾਂ*** ਸ਼ਾਮਲ ਹਨ।

ਇਸ ਹਾਲਤ ਦਾ ***18 ਸਾਲ ਦੀ ਉਮਰ ਤੋਂ ਪਹਿਲਾਂ ਸ਼ੁਰੂ*** ਹੋਏ ਹੋਣਾ ਜ਼ਰੂਰੀ ਹੈ (ਇਸ ਦਾ ਮਤਲਬ ਹੈ ਕਿ ਇਹ ਕਿਸੇ ਵਿਅਕਤੀ ਦੇ "ਵਿਕਾਸ" ਦੇ ਸਮੇਂ ਦੌਰਾਨ ਸ਼ੁਰੂ ਹੋਈ ਸੀ – ਭਾਵੇਂ ਕਿ ਉਹ ਵਿਅਕਤੀ ਹੁਣ 18 ਸਾਲ ਨਾਲੋਂ ਜ਼ਿਆਦਾ ਉਮਰ ਦਾ ਹੈ), ਅਤੇ ਜ਼ਰੂਰੀ ਹੈ ਕਿ ਇਹ ਹਾਲਤ ਜ਼ਿੰਦਗੀ ਦੀਆਂ ਵੱਡੀਆਂ ਸਰਗਰਮੀਆਂ ਦੇ ਘੱਟੋ ਘੱਟ ਤਿੰਨ ਖੇਤਰਾਂ ਵਿਚ ਵਿਅਕਤੀ ਲਈ ***"ਕਾਫੀ ਜ਼ਿਆਦਾ ਅਪਾਹਜਤਾ"*** ਪੈਦਾ ਕਰਨ ਵਾਲੀ ਹੋਵੇ।

ਕੁਝ ਲੋਕਾਂ ਦੇ 18 ਸਾਲ ਦੀ ਉਮਰ ਤੋਂ ਬਾਅਦ ਗੰਭੀਰ ਐਕਸੀਡੈਂਟ ਹੁੰਦੇ ਹਨ ਜਿਸ ਨਾਲ ਉਨ੍ਹਾਂ ਦੇ ਸਿਰ ਵਿਚ ਸਦਮਾਜਨਕ ਸੱਟਾਂ ਲੱਗ ਸਕਦੀਆਂ ਹਨ। ਭਾਵੇਂ ਕਿ ਉਨ੍ਹਾਂ ਦੀ ਹਾਲਤ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਵਾਂਗ ਹੋ ਸਕਦੀ ਹੈ, ਪਰ ਇਹ ਜ਼ਰੂਰੀ ਹੈ ਕਿ ਉਹ ਹੱਕਦਾਰੀ ਦੀ ਕਸੌਟੀ ਦੇ ***ਸਾਰੇ*** ਪੱਖ ਪੂਰੇ ਕਰਦੇ ਹੋਣ।

ਕੁਝ ਲੋਕਾਂ ਵਿਚ ਔਟਿਜ਼ਮ, ਸੈਰੇਬਰਲ ਪਾਲਸੀ, ਮਿਰਗੀ ਜਾਂ ਬੌਧਿਕ ਅਪਾਹਜਤਾ ਦੀ ਪਛਾਣ ਹੁੰਦੀ ਹੈ – ਪਰ ਉਨ੍ਹਾਂ ਦੇ ਅਸਰ ਇੰਨੇ ਹਲਕੇ ਹੁੰਦੇ ਹਨ ਕਿ ਇਹ ਵਿਅਕਤੀ ਜ਼ਿੰਦਗੀ ਦੇ ਤਕਰੀਬਨ ਸਾਰੇ ਖੇਤਰਾਂ ਵਿਚ ਨਿਰਬਾਹ ਕਰਨ ਦੇ ਯੋਗ ਹੁੰਦੇ ਹਨ। ਭਾਵੇਂ ਕਿ ਉਨ੍ਹਾਂ ਵਿਚ ਰੋਗ ਦੀ ਪਛਾਣ ਕੀਤੀ ਗਈ ਹੁੰਦੀ ਹੈ, ਪਰ ਇਹ ਜ਼ਰੂਰੀ ਹੈ ਕਿ ਇਹ ***"ਕਾਫੀ ਜ਼ਿਆਦਾ ਅਪਾਹਜਤਾ"*** ਸਮਝੀ ਜਾਵੇ।

ਕੁਝ ਲੋਕਾਂ ਨੂੰ ਸਿੱਖਣ ਦੀਆਂ ਅਪਾਹਜਤਾਵਾਂ, ਮਾਨਸਿਕ ਬੀਮਾਰੀ ਅਤੇ/ਜਾਂ ਅਜਿਹੇ ਸਰੀਰਕ ਵਿਗਾੜ ਹੁੰਦੇ ਹਨ ਜਿਨ੍ਹਾਂ ਨੂੰ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਨਾਲ ਰਲਗਡ ਕੀਤਾ ਜਾ ਸਕਦਾ ਹੈ।

ਜਿਵੇਂ ਕਿ ਤੁਸੀਂ ਦੇਖ ਸਕਦੇ ਹੋ, ਇਹ ਨਤੀਜਾ ਕੱਢਣਾ ਸਦਾ ਸੌਖਾ ਨਹੀਂ ਹੁੰਦਾ ਹੈ ਕਿ ਕਿਸੇ ਵਿਅਕਤੀ ਨੂੰ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਹੈ।

## ਅਸੈੱਸਮੈਂਟ ਲਈ ਚੁੱਕੇ ਜਾਣ ਵਾਲੇ ਕਦਮਾਂ ਦਾ ਟਾਈਮ ਟੇਬਲ

### ਕਦਮ 1

ਤੁਸੀਂ Alta California Regional Center ਨਾਲ ਆਪਣਾ ਪਹਿਲਾ ਸੰਪਰਕ ਕਰਦੇ ਹੋ ਅਤੇ ਆਫਿਸ ਅਸਿਸਟੈਂਟ ਨਾਲ ਗੱਲ ਕਰਦੇ ਹੋ ਜੋ ਕਿ ਤੁਹਾਡੇ ਤੋਂ ਕੁਝ ਮੁਢਲੀ ਜਾਣਕਾਰੀ ਇਕੱਠੀ ਕਰੇਗਾ/ਕਰੇਗੀ।

### ਕਦਮ 2

15 ਕਾਰੋਬਾਰੀ ਦਿਨਾਂ ਦੇ ਵਿਚ ਵਿਚ, ਇਕ ਇਨਟੇਕ ਕੋਆਰਡੀਨੇਟਰ, ਅਪਾਹਜਤਾ ਨਾਲ ਸੰਬੰਧਿਤ ਹੋਰ ਜਾਣਕਾਰੀ ਇਕੱਠੀ ਕਰਨ ਲਈ ਤੁਹਾਨੂੰ ਫੋਨ ਕਰਦਾ ਹੈ।

### ਕਦਮ 3


ਇਕ ਇਨਟੇਕ ਸਪੈਸ਼ਲਿਸਟ ਮਿੱਥਿਆ ਜਾਵੇਗਾ ਅਤੇ ਉਹ ਤੁਹਾਡੇ ਪਰਿਵਾਰ, ਵਿਕਾਸ ਦੀ ਹਿਸਟਰੀ, ਅਤੇ ਖਾਸ ਲੋੜਾਂ ਬਾਰੇ ਜਾਣਨ ਲਈ ਮੀਟਿੰਗ ਦਾ ਸਮਾਂ ਮਿੱਥਣ ਲਈ ਤੁਹਾਨੂੰ ਫੋਨ ਕਰੇਗਾ।

### ਕਦਮ 4

ਹੱਕਦਾਰੀ ਦਾ ਪਤਾ ਲਾਉਣ ਲਈ ਲੋੜੀਂਦੀ ਅਸੈੱਸਮੈਂਟ ਪੂਰੀ ਕੀਤੀ ਜਾਵੇਗੀ। ਤੁਹਾਨੂੰ ਇਨਟੇਕ ਸਪੈਸ਼ਲਿਸਟ ਤੋਂ ਫੋਨ ਆਵੇਗਾ ਅਤੇ ਚਿੱਠੀ ਮਿਲੇਗੀ ਜੋ ਕਿ ਤੁਹਾਨੂੰ ਇਹ ਜਾਣਕਾਰੀ ਦੇਵੇਗਾ ਕਿ ਕੀ ਤੁਸੀਂ ਜਾਂ ਤੁਹਾਡਾ ਬੱਚਾ ACRC ਤੋਂ ਲਗਾਤਾਰ ਸੇਵਾਵਾਂ ਲੈਣ ਲਈ ਹੱਕਦਾਰ ਸਮਝੇ ਗਏ ਹੋ ਜਾਂ ਨਹੀਂ। ਅਜਿਹਾ 120 ਦਿਨਾਂ ਦੇ ਵਿਚ ਵਿਚ ਕੀਤਾ ਜਾਣਾ ਚਾਹੀਦਾ ਹੈ।

### ਕਦਮ 5

ਜੇ ਤੁਸੀਂ ਜਾਂ ਤੁਹਾਡਾ ਬੱਚਾ ਹੱਕਦਾਰ ਹੋਵੇ ਤਾਂ ਤੁਹਾਡੇ ਨਾਲ ਕੰਮ ਕਰਨ ਲਈ ਅਸਾਇਨ ਕੀਤਾ ਗਿਆ ACRC ਦਾ ਸਰਵਿਸ ਕੋਆਰਡੀਨੇਟਰ 60 ਦਿਨਾਂ ਦੇ ਵਿਚ ਵਿਚ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਤੁਸੀਂ ਜਾਂ ਤੁਹਾਡਾ ਬੱਚਾ ਹੱਕਦਾਰ ਨਾ ਹੋਵੇ ਤਾਂ ਅਸੀਂ ਤੁਹਾਨੂੰ ਮਦਦ ਲਈ ਤੁਹਾਡੇ ਇਲਾਕੇ ਵਿਚਲੇ ਹੋਰ ਵਸੀਲਿਆਂ ਕੋਲ ਭੇਜਾਂਗੇ।



## ਅਸੈੱਸਮੈਂਟ ਅਤੇ ਪਛਾਣ

ਸੈਰੇਬਰਲ ਪਾਲਸੀ ਅਤੇ ਮਿਰਗੀ ਦੀ ਪਛਾਣ ਮੈਡੀਕਲ ਡਾਕਟਰ ਵਲੋਂ ਕੀਤੀ ਜਾਂਦੀ ਹੈ। ਬੌਧਿਕ ਅਪਾਹਜਤਾ ਅਤੇ ਔਟਿਜ਼ਮ ਦੀ ਮੁਢਲੀ ਪਛਾਣ ਅਕਸਰ ਮੈਡੀਕਲ ਡਾਕਟਰ ਵਲੋਂ ਕੀਤੀ ਜਾਂਦੀ ਹੈ, ਪਰ ਰੋਗ ਦੀ ਪਛਾਣ ਦਾ ਪੱਕਾ ਪਤਾ ਲਾਉਣ ਲਈ ਰਸਮੀ ਪਛਾਣ ਇਕ ਯੋਗਤਾ-ਪ੍ਰਾਪਤ ਸਾਇਕੋਲੌਜਿਸਟ ਵਲੋਂ ਕੀਤੀ ਜਾਂਦੀ ਹੈ।

ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਸ਼ਾਇਦ ਹੁਣੇ ਹੁਣੇ ਕਿਸੇ ਮੈਡੀਕਲ ਡਾਕਟਰ ਜਾਂ ਸਾਇਕੋਲੌਜਿਸਟ ਵਲੋਂ ਦੇਖਿਆ ਗਿਆ ਹੋਵੇ ਅਤੇ ਰੋਗ ਦੀ ਪਛਾਣ ਪਹਿਲਾਂ ਹੀ ਕਰ ਲਈ ਗਈ ਹੋਵੇ। ਜੇ ਅਜਿਹਾ ਹੋਇਆ ਹੈ, ਅਤੇ ਜੇ ਰਿਪੋਰਟ ਕਾਫੀ ਮਾਤਰਾ ਵਿਚ ਸਾਨੂੰ ਇਹ ਵੇਰਵਾ ਦਿੰਦੀ ਹੋਵੇ ਕਿ ਕਾਫੀ ਜ਼ਿਆਦਾ ਅਪਾਹਜਤਾ ਹੈ ਤਾਂ ਹੋ ਸਕਦਾ ਸਾਡੇ ਲਈ ਅਗਾਂਹ ਕੋਈ ਹੋਰ ਰਸਮੀ ਅਸੈੱਸਮੈਂਟ ਕਰਨਾ ਜ਼ਰੂਰੀ ਨਾ ਹੋਵੇ। ਫਿਰ ਵੀ, ਕਦੇ ਕਦੇ, ਪਹਿਲੇ ਟੈੱਸਟ ਕਾਫੀ ਸਮਾਂ ਪਹਿਲਾਂ ਕੀਤੇ ਗਏ ਹੋ ਸਕਦੇ ਹਨ ਅਤੇ ਇਨ੍ਹਾਂ ਨੂੰ ਅਪਡੇਟ ਕਰਨ ਦੀ ਲੋੜ ਹੋ ਸਕਦੀ ਹੈ, ਜਾਂ ਇਹ ਸਾਡੇ ਮੰਤਵਾਂ ਲਈ ਢੁਕਵੇਂ ਨਹੀਂ ਹੋ ਸਕਦੇ। ਇਨ੍ਹਾਂ ਕੇਸਾਂ ਵਿਚ ਵਾਧੂ ਜਾਣਕਾਰੀ ਦੀ ਲੋੜ ਪਵੇਗੀ ਅਤੇ ਤੁਹਾਨੂੰ ਇਕ ਨਵੀਂ ਇਵੈਲੂਏਸ਼ਨ ਵਿਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ।

## ਫੀਸਾਂ

ਇਨਟੇਕ ਦੇ ਕਾਰਜ ਦੌਰਾਨ ਜਿਹੜੇ ਟੈੱਸਟ ਅਸੀਂ ਕਰਦੇ ਹਾਂ ਜਾਂ ਜਿਹੜੀਆਂ ਹੋਰ ਸੇਵਾਵਾਂ ਪ੍ਰਦਾਨ ਕਰਦੇ ਹਾਂ ਉਨ੍ਹਾਂ ਦਾ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕੋਈ ਖਰਚਾ ਨਹੀਂ ਦੇਣਾ ਪੈਂਦਾ। ਫਿਰ ਵੀ, ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਮਾਪੇ ਹੋ ਜਿਸ ਨੂੰ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਯੋਗ ਸਮਝਿਆ ਗਿਆ ਹੈ ਤਾਂ ਕੁਝ ਸੇਵਾਵਾਂ ਲੈਣ ਲਈ ਫੀਸ ਜਾਂ ਖਰਚੇ ਦਾ ਹਿੱਸਾ ਦੇਣਾ ਪੈ ਸਕਦਾ ਹੈ। ਜੇ ਤੁਹਾਡੇ 'ਤੇ ਇਹ ਲਾਗੂ ਹੁੰਦਾ ਹੋਵੇ ਤਾਂ ਤੁਹਾਡਾ ਸਰਵਿਸ ਕੋਆਰਡੀਨੇਟਰ ਪ੍ਰੋਗਰਾਮਾਂ ਬਾਰੇ ਤੁਹਾਨੂੰ ਹੋਰ ਦੱਸੇਗਾ।

## ਤੁਸੀਂ ਕਿਵੇਂ ਮਦਦ ਕਰ ਸਕਦੇ ਹੋ

ਸਾਡੇ ਨਾਲ ਆਪਣੀਆਂ ਅਪੌਇੰਟਮੈਂਟਾਂ 'ਤੇ ਆਉਣਾ ਯਾਦ ਰੱਖੋ – ਜਾਂ ਜੇ ਤੁਹਾਨੂੰ ਪਤਾ ਲੱਗੇ ਕਿ ਤੁਸੀਂ ਬਣਾਈ ਹੋਈ ਕਿਸੇ ਅਪੌਇੰਟਮੈਂਟ 'ਤੇ ਆ ਨਹੀਂ ਸਕੋਗੇ ਤਾਂ ਸਾਨੂੰ ਕਾਫੀ ਸਮਾਂ ਪਹਿਲਾਂ ਦੱਸੋ। ਇਸ ਦੇ ਨਾਲ ਹੀ, ਸਾਡੇ ਵਲੋਂ ਮੰਗੀ ਕੋਈ ਵੀ ਜਾਣਕਾਰੀ (ਜਿਵੇਂ ਕਿ ਤੁਹਾਡਾ ਜਾਂ ਤੁਹਾਡੇ ਬੱਚੇ ਦਾ ਸੋਸ਼ਲ ਸਕਿਉਰਟੀ ਨੰਬਰ, ਇਨਸ਼ੋਰੈਂਸ ਜਾਂ Medi-Cal ਦੀ ਜਾਣਕਾਰੀ, ਮੈਡੀਕਲ, ਸਾਇਕੋਲੌਜੀਕਲ ਅਤੇ/ਜਾਂ ਸਕੂਲ ਦੇ ਰਿਕਾਰਡਾਂ ਦੀਆਂ ਕਾਪੀਆਂ ਆਦਿ) ਮਿਲਣ ਵੇਲੇ ਸਾਨੂੰ ਦੇਣ ਲਈ ਤਿਆਰ ਰੱਖੋ – ਇਸ ਨਾਲ ਬਹੁਤ ਸਾਰਾ ਸਮਾਂ ਬਚੇਗਾ।

ਇਸ ਦੇ ਇਲਾਵਾ, ਸਾਡੇ ਲਈ ਇਹ ਮਦਦ ਕਰਨ ਵਾਲਾ ਹੋਵੇਗਾ ਜੇ ਤੁਹਾਡੇ ਕੋਲ ਉਨ੍ਹਾਂ ਸਾਰੇ ਮਾਹਰਾਂ ਦੇ ਨਾਂ ਅਤੇ ਐਡਰੈਸ ਹੋਣ ਜਿਨ੍ਹਾਂ ਨੇ ਪਹਿਲਾਂ ਹੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਦੇਖਿਆ ਹੈ। ਤੁਹਾਡੀ ਸਹਿਮਤੀ ਨਾਲ, ਅਸੀਂ ਤੁਹਾਡੇ ਜਾਂ ਤੁਹਾਡੇ ਬੱਚੇ ਦੇ ਰਿਕਾਰਡਾਂ ਦੀਆਂ ਕਾਪੀਆਂ ਮੰਗਾਂਗੇ ਅਤੇ, ਜੇ ਇਹ ਸਾਨੂੰ ਸਮੇਂ ਸਿਰ ਮਿਲ ਜਾਣ ਤਾਂ ਅਸੀਂ ਉਹ ਅਸੈੱਸਮੈਂਟਾਂ ਦੁਹਰਾਉਣ ਤੋਂ ਬਚ ਸਕਣ ਦੇ ਯੋਗ ਹੋ ਸਕਦੇ ਹਾਂ ਜਿਹੜੀਆਂ ਪਹਿਲਾਂ ਹੀ ਕਰ ਲਈਆਂ ਗਈਆਂ ਹਨ। ਜੇ ਤੁਸੀਂ ਮੂਵ ਹੋ ਜਾਵੋ ਜਾਂ ਆਪਣਾ ਫੋਨ ਨੰਬਰ ਬਦਲ ਲਉ ਤਾਂ ਸਾਨੂੰ ਇਸ ਬਾਰੇ ਦੱਸਣਾ ਯਾਦ ਰੱਖੋ।

## ਹੱਕਦਾਰੀ ਬਾਰੇ ਫੈਸਲਾ

ਤੁਹਾਡੇ ਇਨਟੇਕ ਸਪੈਸ਼ਲਿਸਟ ਵਲੋਂ ਤੁਹਾਡੇ ਨਾਲ ਇੰਟਰਵਿਊ ਕਰ ਲੈਣ ਤੋਂ ਬਾਅਦ, ਅਤੇ ਲੋੜੀਂਦੀਆਂ ਅਸੈੱਸਮੈਂਟਾਂ ਮਿਲ ਜਾਣ ਜਾਂ ਕਰ ਲੈਣ ਤੋਂ ਬਾਅਦ, ਅਸੀਂ ਹੱਕਦਾਰੀ ਬਾਰੇ ਫੈਸਲਾ ਕਰਨ ਲਈ ਤਿਆਰ ਹੋ ਜਾਵਾਂਗੇ। ***ਇਹ 120 ਦਿਨਾਂ ਦੇ ਵਿਚ ਵਿਚ ਕੀਤਾ ਜਾਣਾ ਚਾਹੀਦਾ ਹੈ।***

ਜੇ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਤੁਸੀਂ ਜਾਂ ਤੁਹਾਡਾ ਬੱਚਾ ਲਗਾਤਾਰ ਮਿਲਣ ਵਾਲੀਆਂ ਸੇਵਾਵਾਂ ਲਈ ***ਹੱਕਦਾਰ*** ਹੈ ਤਾਂ ਤੁਹਾਡਾ ਇਨਟੇਕ ਸਪੈਸ਼ਲਿਸਟ ਇਸ ਬਾਰੇ ਤੁਹਾਨੂੰ ਫੋਨ ਰਾਹੀਂ ਅਤੇ ਡਾਕ ਰਾਹੀਂ ਦੱਸੇਗਾ। ਜੇ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਤੁਸੀਂ ਜਾਂ ਤੁਹਾਡਾ ਬੱਚਾ ***ਹੱਕਦਾਰ ਨਹੀਂ*** ਹੈ ਤਾਂ ਵੀ ਤੁਹਾਨੂੰ ਫੋਨ ਅਤੇ ਡਾਕ ਰਾਹੀਂ ਦੱਸਿਆ ਜਾਵੇਗਾ – ਅਤੇ ਤੁਹਾਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਵਿਚ ਪੈਰਵੀ ਜਾਂ ਹੋਰ ਸੇਵਾਵਾਂ ਲਈ ਸਾਡੀਆਂ ਸਿਫਾਰਸ਼ਾਂ ਵੀ ਸ਼ਾਮਲ ਹੋਣਗੀਆਂ ਜਿਨ੍ਹਾਂ ਦਾ ਤੁਸੀਂ ਪਤਾ ਲਾਉਣਾ ਚਾਹੁੰਦੇ ਹੋ ਸਕਦੇ ਹੋ।

ਤੁਸੀਂ ਜਾਂ ਤੁਹਾਡਾ ਬੱਚਾ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਭਾਵੇਂ ਹੱਕਦਾਰ ਹੋਵੋ ਜਾਂ ਨਾ, ਤੁਸੀਂ ਉਹ ਅਸੈੱਸਮੈਂਟ ਦੇਖ ਸਕਦੇ ਹੋ ਅਤੇ ਉਸ ਦੀ ਕਾਪੀ ਲੈ ਸਕਦੇ ਹੋ ਜਿਹੜੀ ਅਸੀਂ ਕੀਤੀ ਹੈ। ਜੇ ਤੁਸੀਂ ਕਾਪੀਆਂ ਲੈਣ ਦੀ ਚੋਣ ਕਰੋ ਤਾਂ ਆਪਣੇ ਇਨਟੇਕ ਸਪੈਸ਼ਲਿਸਟ ਨੂੰ ਦੱਸੋ। ਨਹੀਂ ਤਾਂ ਅਸੀਂ ਰਿਪੋਰਟਾਂ ਦੀਆਂ ਸਾਰੀਆਂ ਕਾਪੀਆਂ ਆਪਣੇ ਵਲੋਂ ਸਾਂਭੀਆਂ ਜਾਂਦੀਆਂ ਫਾਇਲਾਂ ਵਿਚ ਰੱਖਾਂਗੇ।

## ਅਪੀਲਾਂ

ਸੁਣਵਾਈ ਦਾ ਨਿਰਪੱਖ ਤਰੀਕਾ (ਫੇਅਰ ਹੀਅਰਿੰਗ ਪ੍ਰੋਸੈੱਸ), ਰੀਜਨਲ ਸੈਂਟਰ ਜਾਂ ਸਟੇਟ ਡਿਵੈਲਪਮੈਂਟਲ ਸੈਂਟਰ ਅਤੇ ਤਿੰਨ ਜਾਂ ਜ਼ਿਆਦਾ ਸਾਲ ਦੇ ਕਲਾਇੰਟਾਂ ਜਾਂ ਅਰਜ਼ੀਕਰਤਾਵਾਂ ਵਿਚਕਾਰ ਅਸਹਿਮਤੀਆਂ ਨੂੰ ਹੱਲ ਕਰਨ ਲਈ ਇਕ ਕਾਰਜ ਹੈ। ਸੁਣਵਾਈ ਦੇ ਨਿਰਪੱਖ ਤਰੀਕੇ ਅਧੀਨ, ਅਸਹਿਮਤੀਆਂ ਸੇਵਾਵਾਂ ਬਾਰੇ, ਹੱਕਦਾਰੀ ਬਾਰੇ ਜਾਂ ਰੀਜਨਲ ਸੈਂਟਰ ਜਾਂ

ਸਟੇਟ ਡਿਵੈਲਪਮੈਂਟਲ ਸੈਂਟਰ ਦੇ ਕਿਸੇ ਉਸ ਫੈਸਲੇ ਜਾਂ ਐਕਸ਼ਨ ਬਾਰੇ ਹੋ ਸਕਦੀਆਂ ਹਨ ਜਿਸ ਨਾਲ ਤੁਸੀਂ ਅਸਹਿਮਤ ਹੋਵੋ। ਉਦਾਹਰਣ ਲਈ, ਕਦੇ ਕਦੇ ਲੋਕ ਸਾਡੇ ਇਸ ਫੈਸਲੇ ਨਾਲ ਅਸਹਿਮਤ ਹੁੰਦੇ ਹਨ ਕਿ ਉਹ ਜਾਂ ਉਨ੍ਹਾਂ ਦਾ ਬੱਚਾ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਯੋਗ ਨਹੀਂ ਹੈ। ਜੇ ਤੁਹਾਨੂੰ ਹੱਕਦਾਰ ਨਾ ਹੋਣ ਦੀ ਲਿਖਤੀ ਜਾਣਕਾਰੀ ਮਿਲਦੀ ਹੈ ਤਾਂ ਤੁਹਾਨੂੰ ਇਹ ਜਾਣਕਾਰੀ ਵੀ ਮਿਲੇਗੀ ਕਿ ਤੁਸੀਂ ਇਸ ਫੈਸਲੇ ਵਿਰੁੱਧ ਅਪੀਲ ਕਿਵੇਂ ਕਰ ਸਕਦੇ ਹੋ। ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ACRC ਨੇ ਗਲਤ ਫੈਸਲਾ ਕੀਤਾ ਹੈ ਤਾਂ ਅਸੀਂ ਤੁਹਾਨੂੰ ਅਪੀਲ ਦਰਜ ਕਰਵਾਉਣ ਲਈ ਉਤਸ਼ਾਹ ਦਿੰਦੇ ਹਾਂ। ਤੁਹਾਨੂੰ ਜਾਣਨਾ ਚਾਹੀਦਾ ਹੈ ਕਿ ਸੁਣਵਾਈ ਦੇ ਨਿਰਪੱਖ ਤਰੀਕੇ ਵਿਚ ਮਰਜ਼ੀ ਨਾਲ ਗੈਰਰਸਮੀ ਮੀਟਿੰਗ, ਵਿਚੋਲਗੀ, ਅਤੇ ਨਿਰਪੱਖ ਸੁਣਵਾਈ ਸ਼ਾਮਲ ਹਨ। ਸੁਣਵਾਈ ਦੇ ਨਿਰਪੱਖ ਤਰੀਕੇ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਤੁਸੀਂ ਆਪਣੇ ਇਨਟੇਕ ਸਪੈਸ਼ਲਿਸਟ ਨਾਲ ਜਾਂ ਡਿਪਾਰਟਮੈਂਟ ਔਫ ਡਿਵੈਲਪਮੈਂਟਰ ਸਰਵਿਸਿਜ਼ (Department of Developmental Services) ਨਾਲ (916) 654-1690 ’ਤੇ ਜਾਂ www.dds.ca.gov ’ਤੇ ਸੰਪਰਕ ਕਰ ਸਕਦੇ ਹੋ।

## ਸਰਵਿਸ ਦੀ ਪਲੈਨਿੰਗ ਅਤੇ ਤਾਲਮੇਲ

ਜੇ ਤੁਹਾਨੂੰ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਤੁਸੀਂ ਜਾਂ ਤੁਹਾਡਾ ਬੱਚਾ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਹੱਕਦਾਰ ਹੈ ਤਾਂ ਤੁਹਾਨੂੰ ਇਹ ਦੱਸਿਆ ਜਾਵੇਗਾ ਕਿ ਸਰਵਿਸ ਦੀ ਪਲੈਨਿੰਗ ਬਾਰੇ ਵਿਚਾਰ ਕਰਨ ਲਈ ਮੀਟਿੰਗ ਦਾ ਸਮਾਂ ਮਿੱਥਣ ਲਈ ਕੋਈ ਸਰਵਿਸ ਕੋਆਰਡੀਨੇਟਰ ਤੁਹਾਨੂੰ ਫੋਨ ਕਰੇਗਾ (ਇਹ ਤੁਹਾਡੇ ਇਨਟੇਕ ਸਪੈਸ਼ਲਿਸਟ ਤੋਂ ਵੱਖਰਾ ਵਿਅਕਤੀ ਹੈ)। ਤੁਹਾਡੇ ਜਾਂ ਤੁਹਾਡੇ ਬੱਚੇ ਲਈ ਨਿੱਜੀ ਪ੍ਰੋਗਰਾਮ ਦੀ ਪਲੈਣ ਤਿਆਰ ਕਰਨ ਲਈ ਹੱਕਦਾਰੀ ਦੀ ਸੂਚਨਾ ਦੇਣ ਤੋਂ ਬਾਅਦ ਦੇ 60 ਦਿਨਾਂ ਦੇ ਵਿਚ ਵਿਚ ਤੁਹਾਡਾ ਸਰਵਿਸ ਕੋਆਰਡੀਨੇਟਰ ਤੁਹਾਨੂੰ ਮਿਲੇਗਾ। ਸਰਵਿਸ ਦੀ ਪਲੈਨਿੰਗ ਹਰ ਇਕ ਲਈ ਵੱਖਰੀ ਵੱਖਰੀ ਹੁੰਦੀ ਹੈ ਕਿਉਂਕਿ ਸਾਡੀਆਂ ਸੇਵਾਵਾਂ ਲੈਣ ਵਾਲੇ ਹਰ ਵਿਅਕਤੀ ਦੀਆਂ ਵੱਖਰੀਆਂ ਲੋੜਾਂ ਅਤੇ ਤਰਜੀਹਾਂ ਹੁੰਦੀਆਂ ਹਨ। ਜਿਵੇਂ ਜਿਵੇਂ ਤੁਹਾਡੀਆਂ ਜਾਂ ਤੁਹਾਡੇ ਬੱਚੇ ਦੀਆਂ ਲੋੜਾਂ ਅਤੇ ਤਰਜੀਹਾਂ ਬਦਲਣਗੀਆਂ, ਤੁਸੀਂ ਰਲ ਕੇ ਪਲੈਨਾਂ ਅਤੇ ਸੇਵਾਵਾਂ ਵਿਚ ਸੋਧ ਕਰੋਗੇ।

## ਧੰਨਵਾਦ

ਸਾਨੂੰ ਆਸ ਹੈ ਕਿ ਜਿਵੇਂ ਤੁਸੀਂ ਜਾਂ ਤੁਹਾਡਾ ਬੱਚਾ ਸਾਡੇ ਇਨਟੇਕ ਕਾਰਜ ਵਿਚ ਦੀ ਗੁਜ਼ਰੋਗੇ, ਇਹ ਜਾਣਕਾਰੀ ਤੁਹਾਡੇ ਲਈ ਲਾਭਦਾਇਕ ਹੋਵੇਗੀ। ਯਾਦ ਰੱਖੋ, ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਵੇ – ਆਪਣੇ ਇਨਟੇਕ ਸਪੈਸ਼ਲਿਸਟ ਨੂੰ ਬੇਝਿਜਕ ਫੋਨ ਕਰੋ, ਕਿਉਂਕਿ ਹਰ ਹਾਲਤ ਕੇਸ ਮੁਤਾਬਕ ਖਾਸ ਹੋ ਸਕਦੀ ਹੈ।

ਰੀਜਨਲ ਸੈਂਟਰ ਨਾਲ ਸੰਪਰਕ ਕਰਨ ਲਈ ਤੁਹਾਡਾ ਧੰਨਵਾਦ। ਅਸੀਂ ਆਪਣੀਆਂ ਸੇਵਾਵਾਂ ਬਾਰੇ ਤੁਹਾਡੇ ਵਿਚਾਰ ਜਾਣਨ ਵਿਚ ਦਿਲਚਸਪੀ ਰੱਖਦੇ ਹਾਂ। ਜੇ ਤੁਸੀਂ ਸਾਡੇ ਕਿਸੇ ਸਟਾਫ ਦੀ ਪ੍ਰਸ਼ੰਸਾ ਕਰਨਾ ਚਾਹੁੰਦੇ ਹੋਵੋ, ਮਿਲੀਆਂ ਸੇਵਾਵਾਂ ਬਾਰੇ ਵਿਚਾਰ ਦੇਣਾ ਚਾਹੁੰਦੇ ਹੋਵੋ ਜਾਂ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹੋਵੋ ਤਾਂ – ਕਿਰਪਾ ਕਰਕੇ (916) 978-6416 ’ਤੇ ਸਾਡੀ ਕੁਮੈਂਟ ਲਾਈਨ ਨੂੰ ਫੋਨ ਕਰੋ।

**2241 Harvard Street, Suite 100, Sacramento CA 95815**
**(916) 978-6400 • www.altaregional.org**